بِسْمِ اللّٰہِ الرَّحْمٰنِ الرَّحِیْمِ نَحْمَدُہٗ وَنُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْد
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਬਦਰੀ ਸਹਾਬੀਆਂ ਦਾ ਜ਼ਿਕਰ, ਵਿਰੋਧੀ ਹਾਲਤਾਂ'ਚ ਜੀਵਨ ਬਤੀਤ ਕਰ ਰਹੇ ਪਾਕਿਸਤਾਨੀ, ਬਰਕੀਨਾ ਫ਼ਾਸੋ ਅਤੇ ਅਲੱ-ਜਜ਼ਾਇਰ'ਚ ਵਸਨ ਵਾਲੇ ਅਹਮਦੀਆਂ ਲਈ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 24 ਫ਼ਰਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੁ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ

ਬਦਰੀ ਸਹਾਬੀ ਜਿਨ੍ਹਾਂ ਦਾ ਪਹਿਲਾਂ ਜ਼ਿਕਰ ਹੋ ਚੁਕਿੱਆ ਹੈ। ਉਨ੍ਹਾ ਬਾਰੇ ਕੁਝੱ ਤੱਥਾਂ ਦਾ ਜ਼ਿਕਰ ਰਹਿ ਗਿਆ ਸੀ। ਜੋ ਮੈਂ ਬਿਆਨ ਕਰ ਰਿਹਾ ਸੀ। ਇਸ ਹਵਾਲੇ ਨਾਲ ਅਜੱ ਵੀ ਬਿਆਨ ਕਰਾਂਗਾ। ਜਿਸ ਮਗਰੋਂ ਬਦਰੀ ਸਹਾਬੀਆਂ ਬਾਰੇ ਇਹ ਸਿਲਸਿਲਾ ਜੋ ਮੈਂ ਬਿਆਨ ਕਰਨਾ ਚਾਹੁੰਦਾ ਸੀ, ਸਮਾਪਤ ਹੋ ਜਾਵੇਗਾ।

ਹਜ਼ਰਤ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਬਾਰੇ ਲਿਖਿੱਆ ਹੈ ਕਿ ਆਪ ਰਜ਼ੀ ਅੱਲਾਹ ਅੰਨਹੋ ਦੇ ਪਿਤਾ ਦਾ ਨਾਂ ਰਬੀਆ ਬਿਨ ਕਅਬ ਬਿਨ ਮਾਲਿਕ ਬਿਨ ਰਬੀਆ ਸੀ। ਆਪ ਰਜ਼ੀ ਅੱਲਾਹ ਅੰਨਹੋ ਤੋਂ ਕੁਝੱ ਰਵਾਯਤਾਂ ਵੀ ਮਿਲਦੀਆਂ ਹਨ। ਅਬਦੁੱਲਾਹ ਬਿਨ ਆਮਿਰ ਰਬੀਆ ਰਜ਼ੀ ਅੱਲਾਹ ਅੰਨਹੋ ਆਪਣੀ ਮਾਤਾ ਹਜ਼ਰਤ ਉੱਮੇ ਅਬਦੁੱਲਾਹ ਲੈਲਾ ਬਿਨਤੇ ਅਬੂ ਹਸਮਾ ਰਜ਼ੀ ਅੱਲਾਹ ਅੰਨਹਾ ਤੋਂ ਬਿਆਨ ਕਰਦੇ ਹਨ ਕਿ ਉਹ ਬਿਆਨ ਕਰਦੀਆਂ ਸਨ ਕਿ ਅਸੀਂ ਹਬਸ਼ਾ ਵਲੱ੍ਹ ਜਾਣ ਵਾਲੇ ਸਨ ਅਤੇ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਕਿਸੇ ਕੰਮ ਦੇ ਸਿਲਸਿਲੇ'ਚ ਕਿੱਥੇ ਗਏ ਹੋਏ ਸਨ ਕਿ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਜੋ ਕਿ ਹਾਲੇ ਸ਼ਿਰਕ ਦੀ ਹਾਲਤ'ਤੇ ਸੀ, ਉੱਥੇ ਆ ਗਏ। ਉਨ੍ਹਾਂ ਨੇ ਸਾਨੂੰ ਪੁਛਿੱਆ ਕਿ ਕੀ ਤੁਸੀਂ ਜਾ ਰਹੇ ਹੋ ? ਮੈਂ ਕਿਹਾ ਹਾਂ ! ਰਬੱ ਦੀ ਕਸਮ ਅਸੀਂ ਰਬੱ ਦੀ ਜ਼ਮੀਨ'ਤੇ ਜਾ ਰਹੇ ਹਨ। ਇੱਥੇ ਤਕੱ ਕਿ ਰਬੱ ਸਾਡੇ ਲਈ ਆਸਾਨੀ ਪੈਦਾ ਕਰੇ। ਤੁਸੀਂ ਸਾਨੂੰ ਬਹੁਤ ਦੁਖੱ ਦਿੱਤੇ ਅਤੇ ਸਾਡੇ'ਤੇ ਬਹੁਤ ਸਖਤੀਆਂ ਕੀਤੀਆਂ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਕਿਹਾ ਕਿ ਰਬੱ ਤੁਹਾਡਾ ਰਾਖਾ ਹੋਵੇ ! ਉਹ ਕਹਿੰਦੀ ਹਨ ਕਿ ਮੈਂ ਉਸ ਦਿਨ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦੀ ਆਵਾਜ਼'ਚ ਉਹ ਨਰਮੀ ਵੇਖੀ, ਜੋ ਪਹਿਲਾਂ ਕਦੇ ਨ ਵੇਖੀ ਸੀ। ਸਾਡੇ ਜਾਣ ਨੇ ਉਨ੍ਹਾਂ ਨੂੰ ਦੁੱਖੀ ਕਰ'ਤਾ ਸੀ। ਹਜ਼ਰਤ ਆਮਿਰ ਰਜ਼ੀ ਅੱਲਾਹ ਅੰਨਹੋ ਜਦੋਂ ਪਰਤੇ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਕੀ ਆਪ ਰਜ਼ੀ ਅੱਲਾਹ ਅੰਨਹੋ ਨੇ ਹੁਣੇ ਉਮਰ ਰਜ਼ੀ ਅੱਲਾਹ ਅੰਨਹੋ ਦੀ ਨਰਮ ਜ਼ਬਾਨ ਨੂੰ ਵੇਖਿਆ। ਹਜ਼ਰਤ ਆਮਿਰ ਰਜ਼ੀ ਅੱਲਾਹ ਅੰਨਹੋ ਨੇ ਜਵਾਬ ਦਿੱਤਾ ਕਿ ਕੀ ਤੂੰ ਉਨ੍ਹਾਂ ਦੇ ਮੁਸਲਮਾਨ ਹੋਣ ਦੀ ਇਛੁੱਕ ਹੈ ? ਫ਼ਿਰ ਉਨ੍ਹਾਂ ਨੇ ਕਿਹਾ ਕਿ ਖ਼ਤਾਬ ਦਾ ਖੋਤਾ ਮੁਸਲਮਾਨ ਹੋ ਸਕਦਾ ਹੈ। ਪਰ ਇਹ ਮੁਸਲਾਮ ਨਹੀਂ ਹੋ ਸਕਦਾ। ਹਜ਼ਰਤ ਲੈਲਾ ਕਹਿੰਦੇ ਹਨ ਕਿ ਆਮਿਰ ਰਜ਼ੀ ਅੱਲਾਹ ਅੰਨਹੋ ਨੇ ਇਹ ਗੱਲ੍ਹ ਉਸ ਨਾ-ਉਮੀਦੀ ਕਰਕੇ ਕੀਤੀ ਸੀ। ਜੋ ਉਨ੍ਹਾਂ ਨੂੰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦੇ ਇਸਲਾਮ ਦੀ ਵਿਰੋਧਤਾ ਅਤੇ ਸਖ਼ਤੀ ਕਰਕੇ ਪੈਦਾ ਹੋਈ ਸੀ।

ਹਜ਼ਰਤ ਅਬਦੁੱਲਾਹ ਬਿਨ ਆਮਿਰ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਉਨ੍ਹਾਂ ਦੇ ਪਿਤਾ ਹਜ਼ਰਤ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਨੇ ਦਸਿੱਆ ਕਿ ਜਦੋਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਾਨੂੰ ਕਿਸੇ ਸਰਯਾ ਲਈ ਤੋਰਦੇ ਤਾਂ ਸਾਡੇ ਕੋਲ੍ਹ ਰਾਹ ਲਈ ਕੇਵਲ ਖਜੂਰਾਂ ਦਾ ਇਕੱ ਝੋਲ੍ਹਾ ਹੁੰਦਾ ਸੀ। ਅਮੀਰੇ ਲਸ਼ਕਰ ਸਾਡੇ ਵਿਚਕਾਰ ਇਕੱ ਮੁੱਠੀ ਖਜੂਰ ਵੰਡ ਦਿੰਦੇ। ਸਮੇਂ ਦੇ ਨਾਲ ਉਹ ਵੀ ਖਤਮ ਹੋ ਜਾਂਦੀ ਤਾਂ ਫ਼ਿਰ ਇਕੱ ਖਜੂਰ ਇਕੱ ਆਦਮੀ ਨੂੰ ਮਿਲਦੀ ਸੀ। ਅਬਦੁੱਲਾਹ ਕਹਿੰਦੇ ਹਨ ਕਿ ਮੈਂ ਪਿਤਾ ਜੀ ਨੂੰ ਪੁਛਿੱਆ ਕਿ ਇਕੱ ਖਜੂਰ ਕੀ ਪੂਰੀ ਹੋ ਜਾਂਦੀ ਸੀ ? ਉਨ੍ਹਾਂ ਨੇ ਕਿਹਾ ਕਿ ਇੰਝ ਨ ਬੋਲੋ। ਕਿਉਂਕਿ ਉਸ ਦੀ ਮਹਤੱਤਾ ਸਾਨੂੰ ਉਸ ਸਮੇਂ ਪਤਾ ਲਗੱਦੀ ਜਦੋਂ ਸਾਡੇ ਕੋਲ੍ਹ ਉਹ ਵੀ ਨ ਹੁੰਦੀ।

ਜਦੋਂ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਆਪਣੇ ਦੌਰ'ਚ ਖੈਬਰ ਦੇ ਇਲਾਕੇ'ਚੋਂ ਯਹੂਦੀਆਂ ਨੂੰ ਕਢਿੱਆ ਤਾਂ ਵਾਦੀਏ ਕੁਰਆ ਦੀ ਜ਼ਮੀਨਾਂ ਆਪ ਨੇ ਜਿਨ੍ਹਾਂ'ਚ ਵੰਡਿਆਂ ਉਨ੍ਹਾਂ'ਚ ਹਜ਼ਰਤ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਵੀ ਸਨ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਜਦੋਂ ਜਾਬਿਯਾ ਗਏ ਤਾਂ ਹਜ਼ਰਤ ਆਮਿਰ ਰਜ਼ੀ ਅੱਲਾਹ ਅੰਨਹੋ ਨਾਲ ਸਨ। ਇਕੱ ਰਵਾਯਤ ਅਨੁਸਾਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦਾ ਝੰਡਾ ਹਜ਼ਰਤ ਆਮਿਰ ਰਜ਼ੀ ਅੱਲਾਹ ਅੰਨਹੋ ਦੇ ਕੋਲ੍ਹ ਸੀ। ਹਜ਼ਰਤ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ ਬਾਰੇ ਵਿਰੋਧ ਪਾਇਆ ਜਾਂਦਾ ਹੈ। ਆਪ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ ਬਾਰੇ ਰਵਾਯਤ ਹੈ ਕਿ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਦੀ ਸ਼ਹਾਦਤ ਮਗਰੋਂ ਆਪ ਰਜ਼ੀ ਅੱਲਾਹ ਅੰਨਹੋ ਆਪਣੇ ਘਰ'ਚ ਰਿਹਾ ਕਰਦੇ ਸਨ। ਇੱਥੋਂ ਤਕੱ ਕਿ ਆਪ ਆਕਾਲ ਚਲਾਣਾ ਕਰ ਗਏ।

ਹਜ਼ਰਤ ਅਬਦੁੱਲਾਹ ਬਿਨ ਆਮਿਰ ਰਜ਼ੀ ਅੱਲਾਹ ਅੰਨਹੋ ਆਪਣੇ ਪਿਤਾ ਤੋਂ ਰਵਾਯਤ ਕਰਦੇ ਹਨ ਕਿ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਜ਼ਮਾਨੇ'ਚ ਕਿਸੇ ਨੇ ਬਨੂ ਫ਼ਜ਼ਾਰਾ ਦੀ ਇਕੱ ਔਰਤ ਨਾਲ ਦੋ ਜੁਤਿਆਂ ਦੇ ਹਕੱ ਮਿਹਰ'ਤੇ ਨਿਕਾਹ ਕਰ ਲਿਆ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਨਿਕਾਹ ਨੂੰ ਠੀਕ ਕਰਾਰ ਦਿੱਤਾ। ਆਪਣੇ ਪਿਤਾ ਤੋਂ ਹੀ ਇਕੱ ਹੋਰ ਰਵਾਯਤ'ਚ ਉਹ ਬਿਆਨ ਕਰਦੇ ਹਨ ਕਿ ਉਨ੍ਹਾਂ ਨੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੂੰ ਵੇਖਿਆ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸਫ਼ਰ'ਚ ਆਪਣੀ ਉਂਠਨੀ ਦੀ ਪਿਠੱ'ਤੇ ਰਾਤ ਨੂੰ ਨਫ਼ਲ ਪੜ੍ਹੇ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਮੂੰਹ ਉਸੇ ਪਾਸੇ ਸੀ, ਜਿਸ ਪਾਸੇ ਉਂਠਨੀ ਜਾ ਰਹੀ ਸੀ।

ਹਜ਼ਰਤ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਮੈਂ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨਾਲ ਇਕੱ ਹਨ੍ਹੇਰੀ ਰਾਤ'ਚ ਸਫ਼ਰ ਕੀਤਾ ਕਿ ਜਦੋਂ ਇਕੱ ਥਾਂ ਰੁਕੇ ਤਾਂ ਕਿਸੇ ਨੇ ਪਥੱਰ ਜਮ੍ਹਾ ਕੀਤੇ ਅਤੇ ਨਮਾਜ਼ ਲਈ ਥਾਂ ਬਣਾਈ ਅਤੇ ਨਮਾਜ਼ ਪੜ੍ਹੀ। ਸਵੇਰੇ ਪਤਾ ਲਗਿੱਆ ਕਿ ਸਾਡਾ ਮੂੰਹ ਗੈਰ ਕਬੀਲੇ ਵੱਲ੍ਹ ਸੀ। ਅਸੀ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੂੰ ਪੁਛਿੱਆ ਤਾਂ ਰਬੱ ਨੇ ਇਹ ਆਇਤ ਉਤਾਰੀ وَلِلّٰہِ الْمَشْرِقُ وَالْمَغْرِبُ- فَاَیْنَمَا تُوَلُّوْا فَثَمَّ وَجْهُ اللّٰهِ ਅਤੇ ਰਬੱ ਹੀ ਦਾ ਹੈ ਪੂਰਬ ਵੀ ਅਤੇ ਪਛੱਮ ਵੀ। ਸੋ ਜਿਸ ਪਾਸੇ ਵੀ ਤੁਸੀਂ ਮੂੰਹ ਕਰੋ, ਉੱਥੇ ਹੀ ਰਬੱ ਪਾਉਗੇ। ਅਰਥਾਤ ਗਲਤੀ ਨਾਲ ਜੇ ਇੰਝ ਹੋ ਗਿਆ ਤਾਂ ਕੋਈ ਪਾਪ ਨਹੀਂ ਹੈ। ਹਜ਼ੂਰੇ ਅਨਵਰ ਨੇ ਵਿਆਖਿਆ ਫ਼ਰਮਾਈ ਕਿ ਇਹ ਵੀ ਹੋ ਸਕਦਾ ਹੈ ਕਿ ਇਹ ਆਇਤ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸਮਝਾਉਣ ਲਈ ਪੜ੍ਹ ਕੇ ਸੁਣਾਈ ਹੋਵੇ। ਜ਼ਰੂਰੀ ਨਹੀਂ ਹੈ ਕਿ ਉਸ ਸਮੇਂ ਉਤਰੀ ਹੋਵੇ

ਹਜ਼ਰਤ ਆਮਿਰ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਰਸੂਲੁਲਾੱਹ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੋ ਮੇਰੇ'ਤੇ ਇਕੱ ਵਾਰ ਦਰੂਦ ਭੇਜਦਾ ਹੈ। ਰਬੱ ਉਸ'ਤੇ ਦਸੱ ਵਾਰ ਸਲਾਮਤੀ ਭੇਜਦਾ ਹੈ। ਸੋ ਹੁਣ ਤੁਹਾਡੀ ਇੱਛਾ ਹੈ ਕਿ ਮੇਰੇ'ਤੇ ਘਟੱ ਦਰੂਦ ਭੇਜੋ ਜਾਂ ਵਧੱ। ਇਕੱ ਦੂਜੀ ਰਵਾਯਤ'ਚ ਹੈ ਕਿ ਰਸੂਲੁਲਾਹ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੋ ਮੇਰੇ'ਤੇ ਸਲਾਮਤੀ ਦੀ ਦੁਆ ਕਰਦਾ ਹੈ ਅਤੇ ਜਦੋਂ ਤਕੱ ਉਹ ਉਸ ਹਾਲ'ਚ ਰਹਿੰਦਾ ਹੈ। ਫ਼ਰਿਸ਼ਤੇ ਵੀ ਉਸ ਲਈ ਸਲਾਮਤੀ ਦੀ ਦੁਆ ਕਰਦੇ ਹਨ। ਸੋ ਬੰਦੇ'ਤੇ ਹੈ ਕਿ ਭਾਵੇਂ ਵਧੱ ਸਲਾਮਤੀ ਦੀ ਦੁਆ ਕਰੇ ਅਤੇ ਭਾਵੇ ਘਟੱ।

ਫ਼ਿਰ ਜ਼ਿਕਰ ਹੈ ਹਜ਼ਰਤ ਹਰਾਮ ਬਿਨ ਮਲਹਾਨ ਰਜ਼ੀ ਅੱਲਾਹ ਅੰਨਹੋ ਦਾ। ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਸਹਾਬੀਆਂ ਦੀ ਕੁਰਬਾਨੀ ਦੇ ਜਜ਼ਬੇ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ ਕਿ ਸਾਨੂੰ ਇਤਿਹਾਸ ਪੜ੍ਹਣ ਨਾਲ ਪਤਾ ਲਗੱਦਾ ਹੈ ਕਿ ਸਹਾਬੀ ਜੰਗਾਂ'ਚ ਇੰਞ ਜਾਂਦੇ ਸਨ ਕਿ ਜੰਗ'ਚ ਸ਼ਹੀਦ ਹੋਣਾ ਉਨ੍ਹਾਂ ਨੂੰ ਆਰਾਮ ਅਤੇ ਖ਼ੁਸ਼ੀ ਦੇਣ ਵਾਲਾ ਹੈ। ਸੋ ਸਹਾਬੀਆਂ ਦੇ ਬਥੇਰੇ ਅਜੀਹੇ ਕਿੱਸੇ ਇਤਿਹਾਸ'ਚ ਮਿਲਦੇ ਹਨ ਕਿ ਉਨ੍ਹਾਂ ਨੇ ਰਬੱ ਦੀ ਰਾਹ'ਚ ਮਾਰੇ ਜਾਣ ਨੂੰ ਹੀ ਆਪਣੇ ਲਈ ਆਰਾਮ ਸਮਝਿਆ। ਮਿਸਾਲ ਵੱਜੋਂ ਉਹ ਹਾਫ਼ਜ਼, ਜੋ ਰਸੂਲੁਲਾੱਹ ਸਲੱਲਾਹੋ ਅਲੈਹਿ ਵਸਲੱਮ ਨੇ ਅਰਬ ਦੇ ਇਕੱ ਕਬੀਲੇ ਵੱਲ੍ਹ ਪ੍ਰਚਾਰ ਲਈ ਭੇਜੇ। ਉਨ੍ਹਾਂ'ਚ ਹਰਾਮ ਬਿਨ ਮਿਲਹਾਨ ਰਜ਼ੀ ਅੱਲਾਹ ਅੰਨਹੋ ਇਸਲਾਮ ਦਾ ਸੰਦੇਸ਼ ਲੈ ਕੇ ਕਬੀਲਾ ਆਮਿਰ ਦੇ ਰਈਸ ਆਮਿਰ ਬਿਨ ਤੁਫ਼ੈਲ ਕੋਲ੍ਹ ਗਏ ਅਤੇ ਬਾਕੀ ਸਹਾਬੀ ਪਿੱਛੇ ਰਹੇ। ਆਰੰਭ'ਚ ਤਾਂ ਆਮਿਰ ਬਿਨ ਤੁਫ਼ੈਲ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਦੀ ਸੇਵਾ ਕੀਤੀ। ਪਰ ਜਦੋਂ ਉਹ ਆਰਾਮ ਨਾਲ ਬਹਿ ਗਏ ਅਤੇ ਪ੍ਰਚਾਰ ਸ਼ੁਰੂ ਕੀਤਾ ਤਾਂ ਉਨ੍ਹਾਂ'ਚੋਂ ਕੁਝੱ ਸ਼ਰਾਰਤੀਆਂ ਨੇ ਇਕੱ ਬਦ-ਬਖ਼ਤ ਨੂੰ ਇਸ਼ਾਰਾ ਕੀਤਾ ਅਤੇ ਉਸ ਨੇ ਇਸ਼ਾਰਾ ਮਿਲਦੇ ਹੀ ਹਰਾਮ ਬਿਨ ਮਿਲਹਾਨ ਰਜ਼ੀ ਅੱਲਾਹ ਅੰਨਹੋ'ਤੇ ਨੇਜ਼ੇ ਦਾ ਵਾਰ ਕੀਤਾ ਅਤੇ ਉਹ ਡਿਗੱ ਗਏ ਅਤੇ ਡਿਗੱਦੇ ਹੀ ਉਨ੍ਹਾਂ ਦੀ ਜ਼ੁਬਾਨ'ਚੋਂ ਨਿਕਲਿਆ ਕਿ اللهاكبرفُزتُوَرَبِّالكعبةِ ਅਰਥਾਤ ਮੈਨੂੰ ਕਾਅਬੇ ਦੇ ਰਬੱ ਦੀ ਕਸਮ ! ਮੈਂ ਕਾਮਯਾਬ ਹੋ ਗਿਆ। ਫ਼ਿਰ ਇਨ੍ਹਾਂ ਨੇ ਬਾਕੀ ਸਹਾਬੀਆਂ ਨੂੰ ਘੇਰ ਲਿਆ ਅਤੇ ਉਨ੍ਹਾਂ'ਤੇ ਹਮਲਾ ਕਰ'ਤਾ। ਇਸ ਮੌਕੇ'ਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਆਜ਼ਾਦ ਕੀਤੇ ਗੁਲਾਮ ਆਮਿਰ ਬਿਨ ਫ਼ੁਹੈਰਾ ਰਜ਼ੀ ਅੱਲਾਹ ਅੰਨਹੋ ਬਾਰੇ ਜ਼ਿਕਰ ਮਿਲਦਾ ਹੈ। ਸਗੋਂ ਉਨ੍ਹਾ ਦਾ ਕਾਤਲ ਜੋ ਬਾਦ'ਚ ਮੁਸਲਮਾਨ ਹੋ ਗਿਆ ਸੀ। ਉਹ ਆਪਣੇ ਮੁਸਲਮਾਨ ਹੋਣ ਦਾ ਕਿੱਸਾ ਹੀ ਇਹ ਬਿਆਨ ਕਰਦਾ ਹੈ ਕਿ ਜਦੋਂ ਮੈਂ ਆਮਿਰ ਬਿਨ ਫ਼ੁਹੈਰਾ ਰਜ਼ੀ ਅੱਲਾਹ ਅੰਨਹੋ ਨੂੰ ਸ਼ਹੀਦ ਕੀਤਾ ਤਾਂ ਉਸ ਦੇ ਮੂੰਹੋਂ ਨਿਕਲਿਆ فُزتُ و الله ਅਰਥਾਤ ਰਬੱ ਦੀ ਸੌਂਹ ਮੈਂ ਤਾਂ ਆਪਣੀ ਮੁਰਾਦ ਨੂੰ ਪਹੁੰਚ ਗਿਆ। ਇਹ ਕਿੱਸੇ ਦਸੱਦੇ ਹਨ ਕਿ ਸਹਾਬੀਆਂ ਲਈ ਮੌਤ, ਦੁਖੱ ਦੀ ਥਾਂ ਖ਼ੁਸ਼ੀ ਦੇਣ ਵਾਲੀ ਹੁੰਦੀ ਸੀ।

ਫ਼ਿਰ ਜ਼ਿਕਰ ਹੈ ਹਜ਼ਰਤ ਸਾਅਦ ਬਿਨ ਖ਼ੌਲਾ ਦਾ। ਆਮਿਰ ਬਿਨ ਸਾਅਦ ਰਜ਼ੀ ਅੱਲਾਹ ਅੰਨਹੋ ਆਪਣੇ ਪਿਤਾ ਸਾਅਦ ਬਿਨ ਵਕਾਸ ਰਜ਼ੀ ਅੱਲਾਹ ਅੰਨਹੋ ਤੋਂ ਬਿਆਨ ਕਰਦੇ ਹਨ ਕਿ ਉਨ੍ਹਾ ਨੇ ਕਿਹਾ ਕਿ ਰਸੂਲੁਲਾੱਹ ਸਲੱਲਾਹੋ ਅਲੈਹਿ ਵਸਲੱਮ ਨੇ ਹਜੱਤੁਲੱ ਵਿਦਾ ਦੇ ਮੌਕੇ'ਤੇ ਮੇਰੀ ਦੇਖ-ਭਾਲ ਕੀਤੀ। ਬਿਮਾਰੀ ਕਰਕੇ ਮੈਂ ਮੌਤ ਤਕੱ ਪਹੁੰਚ ਗਿਆ ਸੀ। ਮੈਂ ਕਿਹਾ ਕਿ ਮੇਰਾ ਕਸ਼ਟ ਆਪ ਸਲੱਲਾਹੋ ਅਲੈਹਿ ਵਸਲ1ਮ ਵੇਖ ਰਹੇ ਹਨ। ਮੇਰੀ ਵਾਰਸ ਮੇਰੀ ਬੇਟੀ ਤੋਂ ਬਿਨ੍ਹਾਂ ਕੋਈ ਵੀ ਨਹੀਂ। ਮੇਰੇ ਪੁਛੱਣ'ਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੀਜਾ ਭਾਗ ਸਦਕਾ ਕਰ ਦਿਓ। ਫ਼ਿਰ ਫ਼ਰਮਾਇਆ ਕਿ ਵਾਰਸਾਂ ਨੂੰ ਚੰਗੀ ਹਾਲਤ'ਚ ਛੱਡੋ, ਗਰੀਬੀ'ਚ ਨਹੀਂ ਛੱਡੋ। ਰਬੱ ਦੀ ਰਾਹ'ਚ ਜੋ ਵੀ ਖਰਚ ਕਰੋਗੇ। ਤੁਹਾਨੂੰ ਉਸ ਦਾ ਬਦਲਾ ਮਿਲੇਗਾ। ਇੱਥੇ ਤਕੱ ਕਿ ਇਕੱ ਬੁਰਕੀ ਵੀ ਜੋ ਆਪਣੀ ਪਤਨੀ ਦੇ ਮੂੰਹ'ਚ ਪਾਓਗੇ। ਉਸ ਦਾ ਬਦਲਾ ਵੀ ਦਿੱਤਾ ਜਾਵੇਗਾ। ਹਜ਼ਰਤ ਸਾਅਦ ਬਿਨ ਖੌਲ੍ਹਾ ਰਜ਼ੀ ਅੱਲਾਹ ਅੰਨਹੋ ਹਿਜਰਤ ਮਗਰੋਂ ਮੱਕੇ'ਚ ਆਕਾਲ ਚਲਾਣਾ ਕਰ ਗਏ ਸਨ।

ਫ਼ਿਰ ਜ਼ਿਕਰ ਹੈ ਹਜ਼ਰਤ ਅਬੁਲੱ ਹੈਸਮ ਬਿਨ ਅਤਿੱਹਾਨ ਰਜ਼ੀ ਅੱਲਾਹ ਅੰਨਹੋ ਦਾ। ਉਨ੍ਹਾਂ ਨੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਤੋਂ ਬਿਆਨ ਕੀਤਾ ਕਿ ਮੈਂ ਸਭ ਤੋਂ ਪਹਿਲਾਂ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਬੈਅਤ ਕਰਨ ਵਾਲਾ ਹਾਂ। ਅਸੀਂ ਕਿਵੇਂ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਬੈਅਤ ਕਰੀਏ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੇਰੀ ਇਸ ਗੱਲ੍ਹ'ਤੇ ਬੈਅਤ ਕਰੋ। ਜਿਸ'ਤੇ ਬਨੀ ਇਸਰਾਈਲ ਨੇ ਮੂਸਾ ਅਲੈਹਿ ਸਲਾਮ ਦੀ ਬੈਅਤ ਕੀਤੀ। ਆਪ ਰਜ਼ੀ ਅੱਲਾਹ ਅੰਨਹੋ ਜੰਗ'ਚ ਦੋ ਤਲਵਾਰਾਂ ਲੰਕਾਉਂਦੇ ਸਨ। ਇਸੇ ਕਰਕੇ ਆਪ ਰਜ਼ੀ ਅੱਲਹ ਅੰਨਹੋ ਨੂੰ ਜ਼ੁੱਸੈਫ਼ੈਨ ਵੀ ਕਹਿੰਦੇ ਹਨ। ਉਨ੍ਹਾ ਨੇ ਜੰਗੇ ਸਫੈਨ'ਚ ਸ਼ਹਾਦਤ ਪ੍ਰਾਪਤ ਕੀਤੀ।

ਫ਼ਿਰ ਜ਼ਿਕਰ ਹੈ ਹਜ਼ਰਤ ਆਸਿਮ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੋ ਦਾ। ਇਮਾਮ ਰਾਜ਼ੀ ਨੇ ਲਿਖਿੱਆ ਹੈ ਕਿ ਜੰਗੇ ਓਹਦ'ਚ ਜੋ ਲੋਕ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਨੇੜ੍ਹੇ ਸਨ। ਉਨ੍ਹਾਂ'ਚ ਹਜ਼ਰਤ ਆਸਿਮ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੋ ਵੀ ਸ਼ਾਮਿਲ ਸਨ।

ਫ਼ਿਰ ਹਜ਼ਰਤ ਸਹਲ ਬਿਨ ਹੁਨੈਫ਼ ਰਜ਼ੀ ਅੱਲਾਹ ਅੰਨਹੋ ਅਨਸਾਰੀ ਦਾ ਜ਼ਿਕਰ ਹੈ। ਜੰਗੇ ਉਹਦ'ਚ ਕਰੀਬ ਰਹਿਣ ਵਾਲਿਆਂ'ਚ ਹਜ਼ਰਤ ਸਹਲ ਬਿਨ ਹੁਨੈਫ਼ ਰਜ਼ੀ ਅੱਲਾਹ ਅੰਨਹੋ ਦਾ ਵੀ ਜ਼ਿਕਰ ਹੈ। ਹਜ਼ਰਤ ਉਮੈਰ ਬਿਨ ਸਈਦ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਉਨ੍ਹਾਂ ਦੀ ਨਮਾਜ਼ ਜਨਾਜ਼ਾ'ਚ ਪੰਜ ਤਕਬੀਰਾਂ ਪੜ੍ਹਿਆਂ ਲੋਕ ਹੈਰਾਨ ਹੋਏ ਤਾਂ ਫ਼ਰਮਾਇਆ ਕਿ ਇਹ ਸਹਲ ਬਿਨ ਹੁਨੈਫ਼ ਹਨ। ਜੋ ਬਦਰ ਵਾਲੀਆਂ'ਚੋਂ ਹਨ ਅਤੇ ਬਦਰ ਵਾਲਿਆਂ ਨੂੰ ਗੈਰ ਬਦਰ ਵਾਲੀਆਂ'ਤੇ ਮਾਣ ਪ੍ਰਾਪਤ ਹੈ। ਮੈਂ ਚਾਹਿਆ ਕਿ ਤੁਹਾਨੂੰ ਉਨ੍ਹਾਂ ਦਾ ਮਾਣ ਸਤਿਕਾਰ ਦਸੱ ਦਿਆਂ।

ਫ਼ਿਰ ਹਜ਼ਰਤ ਜੱਬਾਰ ਬਿਨ ਸਖਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਨੂੰ ਡੇਢ ਸੋ ਸਹਾਬੀਆਂ ਨਾਲ ਬਨੂ ਤੈਅ ਦੇ ਬੁਤੱ ਫ਼ਲਸ ਨੂੰ ਡਿਗਾਉਣ ਲਈ ਭੇਜਿਆ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੂੰ ਕਾਲੇ ਰੰਗ ਦਾ ਝੰਡਾ ਅਤੇ ਸਫੈਦ ਰੰਗ ਦਾ ਨਿੱਕਾ ਜਿਹਾ ਝੰਡਾ ਦਿੱਤਾ। ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਸਵੈਰੇ ਸਵੈਰੇ ਆਲੇ ਹਾਤਿਮ'ਤੇ ਹਮਲਾ ਕੀਤਾ ਅਤੇ ਉਨ੍ਹਾਂ ਦੇ ਬੁਤੱ ਫ਼ੁਲਸ ਨੂੰ ਖਤਮ ਕਰ'ਤਾ। ਇਸ ਸਰਯਾ'ਚ ਝੰਡਾ ਹਜ਼ਰਤ ਜਬਾਰ ਬਿਨ ਖ਼ਿਜ਼ਰ ਰਜ਼ੀ ਅੱਲਾਹ ਅੰਨਹੋ ਦੇ ਕੋਲ੍ਹ ਸੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇੱਥੇ ਇਹ ਸਹਾਬੀਆਂ ਦਾ ਜੋ ਜ਼ਿਕਰ ਮੈਂ ਕਰਨਾ ਚਾਹੁੰਦਾ ਸੀ ਉਹ ਖਤਮ ਹੋਇਆ ਇਸ ਨਾਲ ਹੀ ਮੈਂ ਪਾਕਿਸਤਾਨ ਦੇ ਅਹਮਦੀਆਂ ਲਈ ਦੁਆ ਲਈ ਕਹਿਣਾ ਚਾਹੁੰਣਾ। ਦੁਆ ਕਰੋ ਰਬੱ ਉਨ੍ਹਾਂ'ਤੇ ਜੋ ਸਖਤ ਹਾਲਾਤ ਹਨ। ਉੱਥੇ ਆਸਾਨੀਆਂ ਪੈਦਾ ਕਰਨ ਅਤੇ ਇਨਸਾਫ਼ ਕਰਨ ਵਾਲਿਆਂ, ਕਾਨੂੰਨ ਅਨੁਸਾਰ ਚਲਣ ਵਾਲਿਆਂ ਅਤੇ ਰਬੱ ਅਤੇ ਉਸ ਦੇ ਰਸੂਲ ਦੇ ਨਾਂ'ਤੇ ਜ਼ੁਲਮ ਕਰਨ ਵਾਲਿਆਂ ਨੂੰ ਰਬੱ ਅਕਲ ਬਖ਼ਸ਼ੇ ਜਾਂ ਉਨਾਂ'ਤੇ ਪਕੜ੍ਹ ਦੇ ਸਾਮਾਨ ਕਰੇ। ਦੂਜਾ ਬਰਕੀਨਾ ਫ਼ਾਸੋ ਲਈ ਵੀ ਦੁਆ ਕਰੋ। ਉੱਥੇ ਹਾਲੇ ਵੀ ਸਖ਼ਤੀਆਂ ਹਨ ਅਤੇ ਜੋ ਅਤੱਵਾਦੀ ਹਨ, ਉਨ੍ਹਾਂ ਦੇ ਉਹੀ ਕੰਮ ਹਨ। ਰਬੱ ਅਤੇ ਰਸੂਲ ਦੇ ਨਾਂ'ਤੇ ਜ਼ੁਲਮ ਕਰ ਰਹੇ ਹਨ। ਫ਼ਿਰ ਅਲੱ-ਜਜ਼ਾਇਰ ਦੇ ਲੋਕਾਂ ਲਈ ਵੀ, ਉੱਥੇ ਵੀ ਕੁਝੱ ਸਰਕਾਰੀ ਮੁਲਾਜ਼ਿਮ ਜਾਂ ਅਦਾਲਤਾਂ ਅਹਮਦੀਆਂ'ਤੇ ਗਲਤ ਕਿਸਮ ਦੇ ਜ਼ੁਲਮ ਕਰ ਰਹੇ ਹਨ। ਰਬੱ ਸਭ ਦੀ ਰਾਖੀ ਕਰੇ ਖ਼ਾਸ ਤੌਰ'ਤੇ ਦੁਆਵਾਂ ਅਤੇ ਸਦਕੇ'ਤੇ ਬਹੁਤ ਧਿਆਨ ਦਿਓ। ਰਬੱ ਵਿਰੋਧੀਆਂ ਦੇ ਸ਼ਰ ਤੋਂ ਹਰ ਇਕੱ ਨੂੰ ਬਚਾਵੇ।

ਅੰਤ'ਚ ਹਜ਼ੂਰੇ ਅਨਵਰ ਨੇ ਪਾਕਿਸਤਾਨ'ਚ 19 ਫ਼ਰਵਰੀ ਨੂੰ ਫ਼ਾਇਰਿੰਗ'ਚ ਸ਼ਹੀਦ ਹੋਣ ਵਾਲੇ ਸ੍ਰੀਮਾਨ ਮੁਹੰਮਦ ਰਸ਼ੀਦ ਸਾਹਿਬ ਸ਼ਹੀਦ ਪੁਤੱਰ ਚੌਧਰੀ ਬਸ਼ਾਰਤ ਅਹਮਦ ਸਾਹਿਬ ਅਤੇ 6 ਫ਼ਰਵਰੀ ਨੂੰ ਤੁਰਕੀ'ਚ ਆਏ ਭੁਚਾਲ'ਚ ਆਕਾਲ ਚਲਾਣਾ ਕਰਨ ਵਾਲੇ ਮਾਂ ਪੁਤੱ ਸ਼੍ਰੀਮਤੀ ਅੱਮਾਨੀ ਬੱਸਾਮ ਅਜੱਲਾਵੀ ਸਾਹਿਬਾ ਅਤੇ ਸ਼੍ਰੀਮਾਨ ਸਲਾਹੁੱਦੀਨ ਅਬਦੁਲੱਮੁਈਨ ਕਤੀਸ਼ ਸਾਹਿਬ ਤੋਂ ਬਿਨ੍ਹਾਂ ਸ਼੍ਰੀਮਾਨ ਮਕਸੂਦ ਅਹਮਦ ਮੁਨੀਬ ਸਾਹਿਬ ਮੁਰਬੀ ਸਿਲਸਿਲਾ ਦੇ ਸਦਗੁਣਾਂ ਦਾ ਜ਼ਿਕਰ ਕਰਦੇ ਹੋਏ। ਉਨ੍ਹਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ। ਰਬੱ ਉਨ੍ਹਾਂ ਨਾਲ ਰਹਿਮ ਅਤੇ ਮੁਆਫ਼ੀ ਦਾ ਸਲੂਕ ਕਰੇ, ਸਥਾਨ ਉੱਚਾ ਕਰੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔